# ਕੋਵਿਡ-19 (COVID-19) ਦੇ ਟੀਕਿਆਂ ਬਾਰੇ ਨਿਊ ਯਾਰਕ ਦੇ ਲੋਕਾਂ ਨੂੰ ਕੀ ਜਾਣਨ ਦੀ ਲੋੜ ਹੈ

## ਹੁਣ 16 ਸਾਲ ਅਤੇ ਉਸਤੋਂ ਵੱਧ ਉਮਰ ਦੇ ਨਿਊ ਯਾਰਕ ਦੇ ਸਾਰੇ ਵਸਨੀਕਾਂ ਲਈ COVID-19 ਦੇ ਟੀਕੇ ਉਪਲਬਧ ਹਨ।

**COVID-19 ਦੇ ਟੀਕੇ ਸੁਰੱਖਿਅਤ ਅਤੇ ਅਸਰਦਾਰ ਹਨ।** ਇਹ ਟੀਕੇ ਅਜਿਹੇ ਵੱਡੇ ਕਲੀਨਿਕਲ ਅਧਿਐਨਾਂ ਤੋਂ ਗੁਜ਼ਰ ਚੁੱਕੇ ਹਨ ਜਿਨ੍ਹਾਂ ਵਿੱਚ ਇਹ ਵਿਖਾਇਆ ਗਿਆ ਸੀ ਕਿ ਉਹ COVID-19 ਦੀ ਗੰਭੀਰ ਬਿਮਾਰੀ, ਹਸਪਤਾਲ ਵਿੱਚ ਦਾਖਲੇ ਅਤੇ ਮੌਤ ਤੋਂ ਲੋਕਾਂ ਨੂੰ ਬਚਾਉਣ ਵਿੱਚ ਬਹੁਤ ਅਸਰਦਾਰ ਹਨ।

**COVID-19 ਦੇ ਟੀਕੇ ਤੁਹਾਨੂੰ ਮੁਫ਼ਤ ਪ੍ਰਦਾਨ ਕੀਤੇ ਜਾਂਦੇ ਹਨ।** ਬੀਮਾ ਜਾਂ ਇਮੀਗ੍ਰੇਸ਼ਨ ਦੀ ਸਥਿਤੀ ਸਾਂਝੀ ਕਰਨ ਦੀ ਲੋੜ ਨਹੀਂ ਹੈ।

**ਟੀਕਾ ਲਗਵਾਉਣ ਲਈ ਕੋਈ ਸਾਈਟ ਲੱਭੋ।** ਟੀਕਾਕਰਣ ਦੀ ਸਾਈਟ ਲੱਭਣ ਲਈ nyc.gov/vaccinefinder ’ਤੇ ਜਾਓ, ਜਾਂ 877-829-4692 ’ਤੇ ਕਾਲ ਕਰੋ।

**ਤੁਸੀਂ ਮਾੜੇ ਅਸਰ ਮਹਿਸੂਸ ਕਰ ਸਕਦੇ ਹੋ।** ਆਮ ਮਾੜੇ ਅਸਰਾਂ ਵਿੱਚ ਬਾਂਹ ਵਿੱਚ ਜਲਨ ਹੋਣਾ, ਸਿਰ ਪੀੜ ਹੋਣਾ, ਸਰੀਰ ਵਿੱਚ ਦਰਦ ਹੋਣਾ, ਥਕਾਨ ਅਤੇ ਬੁਖਾਰ ਹੋਣਾ ਸ਼ਾਮਲ ਹਨ।

**ਸਾਵਧਾਨੀਆਂ ਵਰਤਣੀਆਂ ਜਾਰੀ ਰੱਖੋ।** ਟੀਕੇ ਤੁਹਾਡਾ ਬਚਾਅ ਕਰਦੇ ਹਨ, ਪਰ ਅਜੇ ਵੀ ਅਸੀਂ ਇਹ ਸਿੱਖ ਰਹੇ ਹਾਂ ਕਿ ਉਹ ਵਾਇਰਸ ਦੇ ਫੈਲਣ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ। ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਵਿੱਚ ਰਹਿਣਾ, ਦੂਜਿਆਂ ਤੋਂ 6 ਫੁੱਟ ਦੀ ਦੂਰੀ ਬਣਾ ਕੇ ਰੱਖਣਾ, ਸਹੀ ਤਰੀਕੇ ਨਾਲ ਫੇਸ ਕਵਰਿੰਗ ਪਹਿਨਣਾ ਅਤੇ ਆਪਣੇ ਹੱਥ ਵਾਰ-ਵਾਰ ਧੋਣਾ ਜਾਰੀ ਰੱਖੋ।

ਟੀਕਾਕਰਣ ਦੀ ਸਾਈਟ ਲੱਭਣ ਲਈ nyc.gov/vaccinefinder ’ਤੇ ਜਾਓ ਜਾਂ 877-829-4692 ’ਤੇ ਕਾਲ ਕਰੋ।

NYC VACCINE FOR ALL: SAFE, FREE, EASY

NYC Health

4.26.21
Punjabi (India)